# ਬੱਚੇ ਦੀ ਦੇਖਭਾਲ

# ਕਪੜੇ

ਕੀ ਤੁਸੀਂ ਸੋਚ ਰਹੇ ਹੋ ਕਿ ਤੁਹਾਡੇ ਬੱਚੇ ਨੂੰ ਕਿੰਨੇ ਕਪੜਿਆਂ ਜਾਂ ਕੰਬਲਾਂ ਦੀ ਲੋੜ ਹੈ? ਜ਼ਿਆਦਾਤਰ ਕੇਸਾਂ ਵਿੱਚ, ਉਸ ਨੂੰ ਉਸ ਤਰ੍ਹਾਂ ਕਪੜੇ ਪਹਿਨਾਓ ਜਿਵੇਂ ਤੁਸੀਂ ਆਪ ਪਹਿਨੋਗੇ। ਫਿਰ ਦੇਖੋ ਜੇ ਤੁਸੀਂ ਕੋਈ ਅਜਿਹੇ ਸੰਕੇਤ ਦੇਖਦੇ ਹੋ ਕਿ ਉਹ ਅਸੁਖਾਵਾਂ ਹੈ।

ਜੇ ਉਹ ਬਹੁਤ ਗਰਮ ਹੈ, ਤਾਂ ਉਹ ਨਿੰਦਰਾਲਾ ਹੋਵੇਗਾ, ਪਸੀਨਾ ਆਏਗਾ ਜਾਂ ਉਸ ਨੂੰ ਰੈਸ਼ ਹੋ ਜਾਵੇਗਾ। ਜੇ ਉਹ ਬਹੁਤ ਠੰਡਾ ਹੈ, ਤਾਂ ਸ਼ਾਇਦ ਹੈ ਉਹ ਪਰੇਸ਼ਾਨ ਹੋਵੇਗਾ।

ਯਾਦ ਰੱਖੋ ਕਿ ਬੱਚੇ ਆਪਣੇ ਸਿਰਾਂ ਦੇ ਰਾਹੀਂ ਬਹੁਤ ਸਾਰੀ ਗਰਮੀ ਗੁਆਉਂਦੇ ਹਨ। ਠੰਡੇ ਮੌਸਮ ਵਿੱਚ, ਉਸ ਨੂੰ ਇੱਕ ਟੋਪੀ ਦਿਓ। ਗਰਮ ਮੌਸਮ ਵਿੱਚ, ਇੱਕ ਚੌੜੇ ਕਿਨਾਰੇ ਵਾਲੀ ਟੋਪੀ ਵਰਤੋ ਜਿਹੜੀ ਧੁੱਪ ਨੂੰ ਉਸ ਤੋਂ ਦੂਰ ਰੱਖਦੀ ਹੈ। ਜਦੋਂ ਤੁਸੀਂ ਅੰਦਰ ਹੁੰਦੇ ਹੋ, ਤਾਂ ਇੱਕ ਟੋਪੀ ਦੀ ਲੋੜ ਨਹੀਂ ਹੈ।

### ਖਤਰਾ

ਬਹੁਤ ਜ਼ਿਆਦਾ ਗਰਮ ਹੋ ਜਾਣਾ ਤੁਹਾਡੇ ਬੱਚੇ ਦੇ ਨੀਂਦ ਨਾਲ ਸੰਬੰਧਤ ਬੱਚਿਆਂ ਦੀ ਮੌਤ (ਨੀਂਦ ਦੇਖੋ) ਦੇ ਖਤਰੇ ਨੂੰ ਵਧਾਉਂਦਾ ਹੈ।

### ਕੀ ਤੁਹਾਨੂੰ ਪਤਾ ਹੈ

ਠੰਡੇ ਹੱਥਾਂ ਅਤੇ ਪੈਰਾਂ ਦਾ ਮਤਲਬ ਜ਼ਰੂਰੀ ਤੌਰ ਤੇ ਇਹ ਨਹੀਂ ਹੈ ਕਿ ਤੁਹਾਡੇ ਬੱਚੇ ਨੂੰ ਠੰਡ ਲਗ ਰਹੀ ਹੈ। ਉਸਦੀ ਬਜਾਏ ਉਸਦੀਆਂ ਬਾਹਵਾਂ ਦਾ ਉਪਰਲਾ ਹਿੱਸਾ ਅਤੇ ਪੱਟ ਜਾਂਚੋ। ਜੇ ਤੁਸੀਂ ਸੋਚ ਰਹੇ ਹੋ ਜੇ ਉਹ ਬਹੁਤ ਜ਼ਿਆਦਾ ਗਰਮ ਹੈ, ਤਾਂ ਜਾਂਚੋ ਜੇ ਉਸਦੀ ਗਰਦਨ ਦੇ ਪਿਛਲੇ ਪਾਸੇ ਤੇ ਪਸੀਨਾ ਹੈ।

